**Boeing Aerostructures Australia**
226 Lorimer Street
Private Bag 4
Port Melbourne, Victoria 3207
Australia
Tel: 61 3 9647 3111 Fax: 61 3 9646 2253

20 ਮਈ 2021

ਸੇਵਾ ਮੇਂ : ਨਾਥਨ ਟੂਡੇਨਹੈਮ (AMWU), ਕ੍ਰਿਸਟੋਫਰ ਸਪਿੰਡਲਰ (AMWU), ਮੇਲਿਸਾ ਕੈਡਵੈਲ (Professionals Australia), ਦਕਸ਼ੀਨੇ ਕੌਂਡੀ (Self-represented bargaining representative), ਮਾਰਕੋ ਬਿਆਸਿੱਜੋ (AMWU), ਡਾਰੀਓ ਰੈਡਾਕੋਵਿਕ (AMWU), ਮੇਲਿੰਡਾ ਸਿੱਕ (AMWU), ਕੈਥ ਬੈਡੋਕ (Professionals Australia), ਜੋਸਿਪ ਵਰਬੈਟਿਕ (Professionals Australia)

<Issued in person. Copy via email>

ਪਿਆਰੇ ਵਾਰਤਾਕਾਰ (ਸੌਦੇਬਾਜ਼ੀ) ਡੈਲੀਗੇਟਸ,

**ਆਰਈ ਬੋਇੰਗ ਏਅਰੋਸਟ੍ਰਕਚਰਸ ਆਸਟਰੇਲੀਆ ਐਂਟਰਪ੍ਰਾਈਜ਼ ਵਾਰਤਾ (ਸਮਝੌਤੇ ਦੀ ਗੱਲਬਾਤ) 2021**

ਅਸੀਂ ਬੋਇੰਗ ਏਅਰੋਸਟ੍ਰਕਚਰਸ ਆਸਟਰੇਲੀਆ ਪ੍ਰਾਈਵੇਟ ਲਿਮਟਿਡ (ਪੋਰਟ ਮੈਲਬੌਰਨ) ਐਂਟਰਪ੍ਰਾਈਜ਼ ਸਮਝੌਤਾ 2021 (ਨਵਾਂ ਈ.ਏ. (EA) ਬੋਇੰਗ ਏਅਰੋਸਟ੍ਰਕਚਰਸ ਆਸਟਰੇਲੀਆ ਪ੍ਰਾਈਵੇਟ ਲਿਮਟਿਡ (ਪੋਰਟ ਮੈਲਬੌਰਨ) ਐਂਟਰਪ੍ਰਾਈਜ਼ ਸਮਝੋਤੇ 2018 (ਮੌਜੂਦਾ ਈ.ਏ.(EA) ਦੀ ਜਗ੍ਹਾ ਲਿਆਉਣ ਲਈ ਵਾਰਤਾ ਦਾ ਹਵਾਲਾ ਦੇ ਰਹੇ ਹਾਂ।

ਬੀ.ਏ.ਏ. (BAA) ਨੇ ਨੋਟ ਕੀਤਾ ਹੈ ਕਿ ਗੱਲਬਾਤ ਦੀਆਂ ਮੀਟਿੰਗਾਂ ਵਿਚ ਤਰੱਕੀ ਹੌਲੀ ਰਹੀ ਹੈ, ਅਤੇ ਪਾਰਟੀਆਂ ਸਿਰਫ ਬਹੁਤ ਘੱਟ ਦਾਅਵੇ ਦੀਆਂ ਚੀਜ਼ਾਂ (ਕਲੇਮ ਆਈਟਮਸ) ਤੇ ਪਹੁੰਚੀਆਂ ਹਨ, ਕਈ ਹੋਰ ਦਾਅਵੇ ਦੀਆਂ ਚੀਜ਼ਾਂ (ਕਲੇਮ ਆਈਟਮਸ) ਅਜੇ ਵੀ ਬਕਾਇਆ ਹਨ। ਬੀ.ਏ.ਏ. (BAA) ਦੀ ਹਾਲਤ ਨੂੰ ਅੱਗੇ ਵਧਾਉਣ ਅਤੇ ਸਪਸ਼ਟ ਕਰਨ ਲਈ, ਅਸੀਂ ਬਿਨਾਂ ਕਿਸੇ ਪੱਖਪਾਤ ਦੇ, ਇੱਕ ਨਵੇਂ ਈ.ਏ. (EA) ਲਈ ਗੱਲਬਾਤ ਪ੍ਰਕਿਰਿਆ ਦੇ ਹਿੱਸੇ ਅਨੁਸਾਰ ਇੱਕ ਪੈਕੇਜ ਦੇ ਰੂਪ ਵਿੱਚ ਹੇਠਾਂ ਦਿੱਤੇ ਇਕਜੁਟ ਪ੍ਰਸਤਾਵ ਨੂੰ ਪੇਸ਼ ਕਰਨਾ ਚਾਹੁੰਦੇ ਹਾਂ।

## ਸਧਾਰਣ

ਅਸੀਂ ਨੋਟ ਕੀਤਾ ਹੈ ਕਿ ਪਾਰਟੀਆਂ ਹੇਠ ਲਿਖੀਆਂ ਚੀਜ਼ਾਂ ਤੇ ਸਹਿਮਤ ਹੋ ਗਈਆਂ ਹਨ:

1. ਸਫ਼ਰ ਦੀ ਮਿਆਦ ਦਾ ਭੁਗਤਾਨ - ਅੰਤਰਰਾਸ਼ਟਰੀ ਅਤੇ ਘਰੇਲੂ ਯਾਤਰਾ।
2. ਹੀਟ ਸਟ੍ਰੇਸ (ਗਰਮੀ ਦਾ ਦਬਾਅ) - ਆਮ ਘੰਟਿਆਂ ਦੇ ਫੈਲਾਵ ਵਿੱਚ ਤਬਦੀਲੀ।
3. ਇਹ ਸਮਝਣਾ ਕਿ ਈ.ਏ. (EA) ਵਿਚ ਕੁਝ ਇਸ ਤਰ੍ਹਾਂ ਦੇ ਖੰਡ/ਧਾਰਾ ਹਨ ਜਿਨ੍ਹਾਂ ਨੂੰ ਸਰਲਤਾ/ਸਪਸ਼ਟਤਾ ਲਈ ਪ੍ਰਬੰਧਿਤ ਕਰਨ ਦੀ ਜ਼ਰੂਰਤ ਹੈ।

## ਵੇਰਵਾ

ਬੀ.ਏ.ਏ. (BAA) ਅੱਗੇ ਇੰਨ ਗੱਲਲਾਂ ਤੇ ਸਹਿਮਤ ਹਨ:

4. ਬੀ.ਏ.ਏ. (BAA) ਦੇ ਬੰਦ ਹੋਣ ਜਾਂ ਦੀਵਾਲੀਆਪਨ ਦੀ ਸਥਿਤੀ ਵਿਚ ਕਰਮਚਾਰੀ ਦੀ ਯੋਗਤਾ ਲਈ ਗਰੰਟੀ ਦਾ ਪੱਤਰ ਜਾਰੀ ਕਰਨਾ, ਜੋ ਨਵੇਂ ਈ.ਏ.(EA) ਦੀ ਮਿਆਦ ਲਈ ਵੈਧ ਹੋਵੇਗਾ ਅਤੇ ਜੋ ਮੌਜੂਦਾ ਈ.ਏ.(EA) ਵਿੱਚ ਦਿੱਤੀਆਂ ਗਈਆਂ ਸਮਾਨ ਜਾਂ ਉਸੀ ਤਰ੍ਹਾਂ ਦੀ ਸ਼ਰਤਾਂ ਦੇ ਅਨੁਰੂਪ ਹੋਵੇਗਾ.
5. ਨਵੇਂ ਈ.ਏ.(EA) ਦੇ ਅਧੀਨ, ਪੇਸ਼ੇਵਰ ਇੰਜੀਨੀਅਰਾਂ ਦੇ ਮੁਲਾਂਕਣ, ਰਜਿਸਟ੍ਰੇਸ਼ਨ ਅਤੇ ਚੱਲ ਰਹੇ ਰਜਿਸਟ੍ਰੇਸ਼ਨ ਨਵੀਨੀਕਰਣ ਦੇ ਖਰਚੇ ਨੂੰ ਸ਼ਾਮਿਲ (ਕਵਰ) ਕਰਨਾ, ਤਾਂ ਕਿ ਹਾਲ ਹੀ ਦੇ ਵਿਕਟੋਰੀਅਨ ਕਾਨੂਨ ਦੀ ਪਾਲਣਾ ਕੀਤੀ ਜਾ ਸਕੇ, ਪਰੰਤੂ ਇਸਦੀ ਸੀਮਾ ਕਰਮਚਾਰੀ ਦੀ ਸਥਿਤੀ ਨੂੰ ਦਰਸਾਉਣ ਲਈ ਜ਼ਰੂਰੀ ਮੁਲਾਂਕਣ, ਰਜਿਸਟ੍ਰੇਸ਼ਨ ਅਤੇ ਨਵੀਨੀਕਰਣ ਤੱਕ ਸੀਮਿਤ ਹੋਵੇਗੀ.

ਬੀ.ਏ.ਏ. (BAA) ਨੇ ਆਪਣੇ ਦਾਅਵਿਆਂ ਦੀ ਸੂਚੀ ਦੀ ਸਮੀਖਿਆ ਕੀਤੀ ਹੈ ਅਤੇ ਗੱਲਬਾਤ ਵਿਚ ਆਏ ਪ੍ਰਤੀਕ੍ਰਿਆ ਦੇ ਜਵਾਬ ਵਿਚ, ਬੀ.ਏ.ਏ. (BAA) ਨੇ ਕਈ ਦਾਅਵੇ ਦੀਆਂ ਚੀਜ਼ਾਂ (claim items) ਤੇ ਆਪਣੀ ਸਥਿਤੀ ਤੇ ਵਿਚਾਰ ਕੀਤਾ ਹੈ। ਇਸ ਇਕੱਠੇ ਕੀਤੇ ਪੈਕੇਜ ਦੇ ਹਿੱਸੇ ਦੇ ਰੂਪ ਵਿੱਚ, ਬੀ.ਏ.ਏ. (BAA) ਹੇਠ ਲਿਖਿਆਂ ਨੂੰ ਜਾਰੀ ਰੱਖਣਾ ਚਾਹੁੰਦਾ ਹੈ।

6. 4-ਸਾਲਾਂ ਦਾ ਸਮਝੌਤਾ।
7. ਨਵੇਂ ਈ.ਏ. (EA) ਤੋਂ ਹੀਟ ਸਟ੍ਰੈਸ ਪੋਲੀਕੀ ਨੂੰ ਹਟਾ ਕੇ ਪਾਲਿਸੀ ਦਸਤਾਵੇਜ਼ ਵਿੱਚ ਤਬਦੀਲ ਕੀਤਾ ਜਾਣਾ ਹੈ। ਨੀਤੀ ਦਸਤਾਵੇਜ਼ ਨੂੰ ਗੱਲਬਾਤ ਦੇ ਹਿੱਸੇ ਦੇ ਰੂਪ ਵਿੱਚ ਅੰਤਿਮ ਰੂਪ ਦਿੱਤਾ ਜਾਣਾ ਹੈ ਅਤੇ ਪ੍ਰਸਤਾਵਿਤ ਕੋਈ ਤਬਦੀਲੀ ਸਿਰਫ ਸਲਾਹਕਾਰ ਕਮੇਟੀ ਦੇ ਮੈਂਬਰਾਂ ਦੀ ਮਜੋਰਿਟੀ ਦੀ ਸਹਿਮਤੀ ਨਾਲ ਬਦਲੀ ਜਾ ਸਕਦੀ ਹੈ।

8. ਪਾਰਟੀਆਂ ਨੂੰ ਸਹਿਮਤ ਹੋਣਾ ਚਾਹੀਦਾ ਹੈ ਕਿ 110% ਐਰੋਸਪੇਸ ਟ੍ਰੇਡ-ਪਰਸਨ ਨੂੰ ਦੁਬਾਰਾ ਵਰਗੀਕਰਣ ਲਈ ਵਿਚਾਰੇ ਜਾਣ ਵਾਲੇ ਕਰਮਚਾਰੀ ਲਈ ਪਹਿਲਾ ਕਦਮ ਇਹ ਹੈ ਕਿ ਇਸ ਦੇ ਲਈ 110% ਵਪਾਰਕ ਜ਼ਰੂਰਤ ਹੈ.

9. ਅਤੀਰੇਕ ਯੋਗਤਾ ਤੇ ਬੀ.ਏ.ਏ. (BAA) ਦਾਅਵਿਆਂ ਨੂੰ ਸਵੀਕਾਰਿਆ ਜਾਂਦਾ ਹੈ। ਨਵੇਂ ਈ.ਏ. (EA) ਦੇ ਅੰਤਰਗਤ, ਹੇਠਾਂ ਲਿੱਖੇ ਗਏ ਨਿਯਮ ਲਾਗੂ ਹੋਣਗੇ:
   - ਨੌਕਰੀ ਦੀ ਸਾਲਾਨਾ ਤਨਖਾਹ ਦੀ ਸਧਾਰਣ ਦਰ ਤੇ 3 ਹਫਤਿਆਂ ਦੀ ਤਨਖਾਹ ਦਾ ਬਰਖ਼ਾਸਤਗੀ ਭੁਗਤਾਨ;
   - ਬਰਖ਼ਾਸਤਗੀ(ਉਪਦਾਨ) ਭੁਗਤਾਨ ਤਨਖਾਹ ਦੀ ਸਧਾਰਣ ਦਰ ਤੇ 60 ਹਫਤਿਆਂ ਦੀ ਤਨਖਾਹ ਤੱਕ ਸੀਮਤ ਹੈ (ਨੋਟਿਸ ਦੀ ਮਿਆਦ ਨੂੰ ਛੱਡ ਕੇ);
   - ਰਿਡੰਡੈਂਸੀ (ਅਤੀਰੇਕ) ਨੋਟਿਸ ਦੀ ਮਿਆਦ ਹੇਠਾਂ ਦਿੱਤੀ ਗਈ ਹੈ:

| **ਲਗਾਤਾਰ ਸੇਵਾ ਦੀ ਮਿਆਦ** | **ਨੋਟਿਸ ਦੀ ਘੱਟੋ ਘੱਟ ਮਿਆਦ** |
|---|---|
| 1 ਸਾਲ ਜਾਂ ਇਸਤੋਂ ਘੱਟ | 1 ਹਫ਼ਤਾ |
| 1 ਸਾਲ ਤੋਂ ਵੱਧ, 3 ਸਾਲ ਤਕ | 2 ਹਫ਼ਤੇ |
| 3 ਸਾਲ ਤੋਂ ਵੱਧ, 5 ਸਾਲ ਤਕ | 3 ਹਫ਼ਤੇ |
| 5 ਸਾਲ ਤੋਂ ਵੱਧ | 4 ਹਫ਼ਤੇ |

   - 45 ਸਾਲ ਤੋਂ ਵੱਧ ਉਮਰ ਦੇ ਕਰਮਚਾਰੀ ਜਿਨ੍ਹਾਂ ਨੇ ਨੋਟਿਸ ਮਿਲਣ ਦੇ ਸਮੇਂ ਘੱਟੋ ਘੱਟ ਦੋ ਸਾਲ ਦੀ ਸੇਵਾ ਪੂਰੀ ਕਰ ਲਈ ਹੈ, ਨੂੰ ਇੱਕ ਹਫਤੇ ਦਾ ਨੋਟਿਸ ਦਿੱਤਾ ਜਾਂਦਾ ਹੈ।

10. ਲੰਬੀ ਸੇਵਾ ਛੁੱਟੀ ਦੇ ਮਾਮਲਾਂ ਵਿੱਚ ਬੀ.ਏ.ਏ. (BAA) ਦੇ ਦਾਵੇਆਂ ਨੂੰ ਸਵੀਕਾਰ ਕੀਤਾ ਜਾਵੇਗਾ। ਨਵੇਂ ਈ.ਏ. (EA) ਦੇ ਅੰਤਰਗਤ, ਅਰਜਿਤ ਲੇਕਿਨ ਉਪਯੋਗ ਨਾ ਕੀਤੀ ਲੰਬੀ ਸੇਵਾ ਛੁੱਟੀ ਦੇ ਬਾਰੇ ਹੇਠਾਂ ਲਿੱਖੇ ਨਿਯਮ ਲਾਗੂ ਹੋਣਗੇ:
   - ਘੱਟੋ ਘੱਟ 1 ਸਾਲ ਦੀ ਨੋਕਰੀ ਤੋਂ ਬਾਅਦ ਭੁਗਤਾਨ ਜੇ ਨੋਕਰੀ ਦੀ ਸਮਾਪਤੀ ਛੱਟਣੀ ਦੇ ਕਾਰਨ ਹੁੰਦੀ ਹੈ;
   - ਬਿਮਾਰੀ/ਸੱਟ ਲੱਗਣ ਕਾਰਨ ਸੇਵਾ ਖਤਮ ਹੋਣ ਤੇ ਘੱਟੋ ਘੱਟ 5 ਸਾਲਾਂ ਬਾਅਦ ਭੁਗਤਾਨ;
   - ਨਹੀਂ ਤਾਂ 7 ਸਾਲਾਂ ਬਾਅਦ ਭੁਗਤਾਨ ਕੀਤਾ ਜਾਵੇਗਾ।

11. ਗ੍ਰੈਜੁਏਟ ਇੰਜੀਨੀਅਰਿੰਗ ਦੀਆਂ ਤਨਖਾਹਾਂ (1 ਏ ਅਤੇ 1 ਬੀ) ਹੇਠਾਂ ਦਿੱਤੇ ਨਿਯਮਾਂ ਅਨੁਸਾਰ ਘੱਟ ਕੀਤੀ ਜਾਣਗੀਆਂ:
   - ਇੰਜੀਨੀਅਰ/ਸਾਇੰਟਿਸਟ 1A ਵਰਗੀਕਰਣ ਦੀ ਤਨਖਾਹ ਨੌਕਰੀ ਸ਼ੁਰੂ ਹੋਣ ਤੇ $90,000 ਹੋਵੇਗੀ;
   - ਇੰਜੀਨੀਅਰ/ਸਾਇੰਟਿਸਟ 1B ਵਰਗੀਕਰਣ ਦੀ ਤਨਖਾਹ ਨੌਕਰੀ ਸ਼ੁਰੂ ਹੋਣ ਤੇ $102,000 ਹੋਵੇਗੀ;
   - ਹੇਠ ਦਿੱਤੇ ਨਿਯਮ ਨਵੇਂ ਈ.ਏ. (EA) ਲਾਗੂ ਹੋਣ ਤੋਂ ਤੁਰੰਤ ਪਹਿਲਾਂ ਇਹਨਾਂ ਵਰਗੀਕਰਣਾਂ ਵਿੱਚ ਅਸਲ ਅਧਾਰ ਤੇ ਬੀ.ਏ.ਏ. (BAA) ਦੁਆਰਾ ਨਿਯੁਕਤ ਕਰਮਚਾਰੀਆਂ ਤੇ ਲਾਗੂ ਹੋਣਗੇ:

     - 1A ਵਰਗੀਕਰਣ ਪੁਰਾਣੇ ਨਿਯਮਾਂ ਅਨੁਸਾਰ ਤਨਖਾਹ ਦਿੰਦਾ ਹੈ ਅਤੇ ਤਨਖਾਹ ਨਵੇਂ ਈ.ਏ. (EA) ਦੇ ਅਧੀਨ % ਵਾਧੇ ਦੇ ਅਨੁਸਾਰ ਵਧਦੀ ਹੈ;
     - 1B ਵਰਗੀਕਰਣ ਪੁਰਾਣੇ ਨਿਯਮਾਂ ਅਨੁਸਾਰ ਤਨਖਾਹ ਦਿੰਦਾ ਹੈ ਅਤੇ ਤਨਖਾਹ ਨਵੇਂ ਈ.ਏ. (EA) ਦੇ ਅਧੀਨ % ਵਾਧੇ ਦੇ ਅਨੁਸਾਰ ਵਧਦੀ ਹੈ;

   ਜੇ ਪੁਰਾਣੀ 1A ਅਤੇ 1B ਕਲਾਸੀਫਿਕੇਸ਼ਨ ਤਨਖਾਹ ਵਾਲਾ ਕੋਈ ਕਰਮਚਾਰੀ ਹੁਣ ਇੰਜੀਨੀਅਰ/ਵਿਗਿਆਨੀ 1A ਜਾਂ 1B ਦੀ ਭੂਮਿਕਾ ਦੇ ਅਨੁਸਾਰ ਕੰਮ ਨਹੀਂ ਕਰ ਰਿਹਾ ਹੈ, ਤਾਂ ਪੁਰਾਣੀ ਪ੍ਰਣਾਲੀ ਇਨ੍ਹਾਂ ਕਰਮਚਾਰੀਆਂ ਤੇ ਲਾਗੂ ਨਹੀਂ ਹੋਵੇਗੀ।

12. ਪਬਲਿਕ ਹੋਲੀਡੇਜ਼ ਬਾਈ-ਲਾਅ ਨੂੰ ਸਿਰਫ਼ ਇਹ ਦਰਸਾਉਣ ਲਈ ਸੰਸ਼ੋਧਿਤ ਕੀਤਾ ਜਾਣਾ ਹੈ ਕਿ ਮੈਲਬਰਨ ਵਿੱਚ ਕਰਮਚਾਰੀ ਸਿਰਫ ਇੱਕ ਕੈਲੰਡਰ ਸਾਲ ਵਿੱਚ ਪਬਲਿਕ ਛੁੱਟੀ ਅਤੇ ਗਜ਼ਟਿਡ ਛੁੱਟੀ ਲਈ ਲਾਗੂ ਨਿਯਮਾਂ ਦੇ ਅਨੁਸਾਰ ਤਨਖਾਹ ਨਾਲ ਕੰਮ ਤੋਂ ਗੈਰਹਾਜ਼ਰ ਹੋ ਸਕਦੇ ਹਨ। ਸ਼ੋ ਡੇ ਨੂੰ ਹੁਣ ਪਬਲਿਕ ਛੁੱਟੀ ਦੇ ਰੂਪ ਵਿਚ ਸੂਚੀਬੱਧ ਨਹੀਂ ਕੀਤਾ ਜਾਂਦਾ ਜਾਂ ਇਸ ਤਰ੍ਹਾਂ ਨਹੀਂ ਦਿੱਤਾ ਜਾਵੇਗਾ।

13. ਇੰਡੀਵਿਜੁਅਲ ਫਲੇਕਸਇਬੀਲਿਟੀ ਅਰਰਾਂਗੇਮਇਨਤਸ (ਵਿਅਕਤੀਗਤ ਲਚਕਤਾ ਪ੍ਰਣਾਲੀ) (**IFA**) ਕਲਾਜ਼/ਸੈਕਸ਼ਨ ਵਿਚ ਬਦਲਾਵ ਕੀਤਾ ਜਾਵੇਗਾ ਤਾਂ ਕੀ ਕਿਸੀ ਵੀ ਵਿਅਕਤੀ ਨੂੰ ਕਲਾਜ਼/ਸੈਕਸ਼ਨ ਦੇ ਅਨੁਸਾਰ ਆਪਣੇ ਘੰਟੇਆ ਦੇ ਫੈਲਾਵ ਨੂੰ ਬਦਲਣ ਦੀ ਅਨੁਮਤੀ ਮਿਲ ਸਕੇ।
14. ਗੱਲਬਾਤ ਕਰਨ ਵਾਲੇ ਨੁਮਾਇੰਦੇ ਉਨ੍ਹਾਂ ਕਲਾਜ਼ਾ/ਧਾਰਾਵਾਂ ਨੂੰ ਸੰਗਠਿਤ ਕਰਨ ਲਈ ਕੁਸ਼ਲਤਾ ਅਤੇ ਸਹਿਕਾਰਤਾ ਨਾਲ ਕੰਮ ਕਰਦੇ ਰਹਿਣਗੇ ਜੋ ਯੋਗਤਾ ਨਹੀਂ ਬਦਲਦੇ ਪਰ ਸਪਸ਼ਟਤਾ ਪ੍ਰਦਾਨ ਕਰਦੇ ਹਨ ਅਤੇ ਸਮਝੌਤੇ ਨੂੰ ਸਰਲ ਬਣਾਉਣ ਵਿੱਚ ਸਹਾਇਤਾ ਕਰਦੇ ਹਨ।

ਏਕੀਕ੍ਰਿਤ ਪ੍ਰਸਤਾਵ ਦੇ ਹਿੱਸੇ ਦੇ ਰੂਪ ਵਿੱਚ, ਬੀ.ਏ.ਏ. (BAA) ਹੇਠ ਲਿਖੇ ਦਾਅਵਿਆਂ ਨੂੰ <u>ਅੱਗੇ ਨ ਵਧਾਣ ਲਈ</u> ਸਹਿਮਤ ਹੈ, ਜੋ ਬੀ.ਏ.ਏ. (BAA) ਦੇ ਦਾਅਵਿਆਂ ਦੀ ਸੂਚੀ ਵਿੱਚ ਸ਼ਾਮਲ ਸਨ:

15. ਤਨਖਾਹ ਸੁਧਾਰ (ਰੈਡਬੁੱਕ) ਨੂੰ ਹਟਾਉਣ ਦਾ ਦਾਅਵਾ;
16. ਵਿਸ਼ੇਸ਼ ਛੁੱਟੀ ਨੂੰ ਹਟਾਉਣ ਦਾ ਦਾਅਵਾ;
17. ਨਿੱਜੀ ਛੁੱਟੀ ਘਟਾਉਣ ਦਾ ਦਾਅਵਾ;

18. ਟੀਮ ਲੀਡ ਭੱਤਿਆਂ ਨੂੰ ਇਕਸਾਰ ਰੇਟ ਵਿਚ ਤਬਦੀਲ ਕਰਨ ਦਾ ਦਾਅਵਾ;
19. ਮੌਜੂਦਾ EA ਵਿੱਚ ਸਥਿਤੀ ਦੇ ਵੇਰਵੇ ਵਿੱਚ ਬਦਲਾਵ ਕਰਨ ਲਈ ਕਰਮਚਾਰੀ ਪ੍ਰਤੀਨਿਧੀ ਸਮਝੌਤੇ ਦੀ ਲੋੜ ਹੋਣ ਵਾਲੇ ਕਲਾਜ਼/ਧਾਰਾ ਨੂੰ ਹਟਾਉਣ ਦਾ ਦਾਅਵਾ;

ਬਦਲੇ ਵਿੱਚ, ਕਰਮਚਾਰੀ ਵਾਰਤਾਕਾਰ ਕਰਨ ਵਾਲਾ ਪ੍ਰਤੀਨਿਧੀ (AMWU, ਪ੍ਰੋਫੇਸ਼ਨਲਸ ਆਸਟਰੇਲੀਆ ਅਤੇ ਸਵੈ-ਪ੍ਰਸਤੁਤ ਗੱਲਬਾਤ ਕਰਨ ਵਾਲੇ ਨੁਮਾਇੰਦੇ) ਆਪਣੇ ਸੰਬੰਧਿਤ ਦਾਅਵਿਆਂ ਦੀ ਸੂਚੀ ਵਿੱਚ ਬਾਕੀ ਆਇਟਮਾਂ ਤੇ ਜ਼ੋਰ ਨ ਦੇਣ ਲਈ ਸਹਿਮਤ ਹਨ।

ਇੱਕ ਪੈਕੇਜ ਦੇ ਰੂਪ ਵਿੱਚ ਉਪਰੋਕਤ ਏਕੀਕ੍ਰਿਤ ਪ੍ਰਸਤਾਵ ਨੂੰ ਗੱਲਬਾਤ ਕਰਨ ਵਾਲੇ ਨੁਮਾਇੰਦਿਆਂ ਦੁਆਰਾ ਪ੍ਰਵਾਨਗੀ ਨੂੰ ਧਿਆਨ ਵਿੱਚ ਰੱਖਦੇ ਹੋਏ, ਬੀ.ਏ.ਏ. (BAA) ਹੇਠ ਲਿਖੀ ਵੇਤਨ ਬੜ੍ਹੋਤਰੀ ਦੀ ਪੇਸ਼ਕਸ਼ ਕਰਦਾ ਹੈ:

20. ਤਨਖਾਹ ਵਿੱਚ ਵਾਧਾ

| | |
|---|---|
| ਨਵੀਂ ਈ.ਏ (EA) ਦੇ ਸ਼ੁਰੂ ਹੋਣ ਦੀ ਮਿਤੀ | 0% |
| ਓਪਰੇਟਿੰਗ ਤਾਰੀਖ ਦੇ 12 ਮਹੀਨਿਆਂ ਬਾਅਦ | 1.25% |
| ਓਪਰੇਟਿੰਗ ਤਾਰੀਖ ਦੇ 24 ਮਹੀਨਿਆਂ ਬਾਅਦ | 1.25% |
| ਓਪਰੇਟਿੰਗ ਤਾਰੀਖ ਦੇ 36 ਮਹੀਨਿਆਂ ਬਾਅਦ | 1.25% |

ਬੀ.ਏ.ਏ. (BAA) ਇਹ ਦੁਬਾਰਾ ਦੁਹਰਾਉਂਦਾ ਹੈ ਕਿ ਇਹ ਪ੍ਰਸਤਾਵ ਇੱਕ ਪੈਕੇਜ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ।

ਅੰਤ ਵਿੱਚ, ਅਸੀਂ ਧਯਾਨ ਦਿਲਾਉਨਾ ਚਾਹੁੰਦੇ ਹਾਂ ਕਿ ਬੀ.ਏ.ਏ. (BAA) ਇਨ੍ਹਾਂ ਗੱਲਬਾਤ ਵਿੱਚ ਕਿਸੇ ਵੀ ਵਾਪਸ ਅਦਾਇਗੀ (ਬੈਕ ਪੇ) ਦੀ ਵਯਵਸਥਾ ਤੇ ਵਿਚਾਰ ਨਹੀਂ ਕਰੇਗਾ।

ਤੁਹਾਡਾ ਵਫ਼ਾਦਾਰ,

**ਮੈਟ ਜੋਨਸ (Matt Jones**)
ਨੇਗੋਸਿਅਸ਼ਨ ਲੀਡ (Negotiation Lead)
ਬੋਇੰਗ ਏਅਰੋਸਟ੍ਰਕਚਰਸ ਆਸਟਰੇਲੀਆ (Boeing Aerostructures Australia)